# CINOT

## {ਚਿਲਡਰਨ ਇਨ ਨੀਡ ਆਫ਼ ਟ੍ਰੀਟਮੈਂਟ}

### ਸੀ.ਆਈ.ਐੱਨ.ਓ.ਟੀ. ਕੀ ਹੈ?

- ਇਹ ਉਨ੍ਹਾਂ ਬੱਚਿਆਂ ਲਈ ਉਪਲਬਧ ਇੱਕ ਪ੍ਰੋਗਰਾਮ ਹੈ ਜਿਨ੍ਹਾਂ ਨੂੰ ਦੰਦਾ ਦਾ ਇਲਾਜ ਕਰਵਾਉਣ ਦੀ ਐਮਰਜੈਂਸੀ ਜਾਂ ਜ਼ਰੂਰੀ ਲੋੜ ਹੈ।
- ਇੱਕ ਅਜਿਹਾ ਪ੍ਰੋਗਰਾਮ ਹੈ ਜੋ ਮਨਿਸਟਰੀ ਆਫ਼ ਹੈਲਥ ਐਂਡ ਲਾਂਗ ਟਰਮ ਕੇਅਰ ਅਤੇ ਸਥਾਨਕ ਨਗਰਪਾਲਿਕਾਵਾਂ ਵੱਲੋਂ ਸਾਂਝੇ ਤੌਰ ਤੇ ਸਰਪ੍ਰਸਤੀ-ਪ੍ਰਾਪਤ ਹੈ।
- ਇੱਕ ਅਜਿਹਾ ਪ੍ਰੋਗਰਾਮ ਹੈ ਜੋ ਸਥਾਨਕ ਪੱਧਰ ਤੇ ਯੌਰਕ ਰੀਜਨ ਹੈਲਥ ਸਰਵਿਸਿਜ਼ ਵੱਲੋਂ ਪ੍ਰਬੰਧ-ਸ਼ੁਦਾ ਹੈ।

### ਕੌਣ ਹੱਕਦਾਰ ਹੈ?

- ਗਰੇਡ 8, ਜਾਂ 13 ਸਾਲ ਦੀ ਉਮਰ, ਜੋ ਵੀ ਬਾਅਦ ਵਿੱਚ ਵਾਪਰੇ, ਦੇ ਅਖੀਰਲੇ ਪੜਾਅ ਤਕ ਵਾਲੇ ਬੱਚੇ।
- ਐਮਰਜੈਂਸੀ ਜਾਂ ਜ਼ਰੂਰੀ ਇਲਾਜ ਦੀ ਲੋੜ (ਐੱਮ.ਓ.ਐੱਚ.ਐੱਲ.ਟੀ.ਸੀ. ਦੇ ਮਾਪਦੰਡਾਂ ਮੁਤਾਬਕ) ਵਾਲੇ ਹਾਲਾਤ ਵਿੱਚੋਂ ਗੁਜ਼ਰਨ ਵਾਲੇ ਬੱਚੇ।
- ਅਜਿਹੇ ਪਰਿਵਾਰਾਂ ਵਿਚਲੇ ਬੱਚੇ ਜਿਨ੍ਹਾਂ ਪਰਿਵਾਰਾਂ ਕੋਲ ਦੰਦਾਂ ਦਾ ਬੀਮਾ ਨਾ ਹੋਵੇ, ਜਾਂ ਦੰਦਾਂ ਦੀ ਕੋਈ ਵੀ ਹੋਰ ਕਵਰੇਜ ਨਾ ਹੋਵੇ।
- ਅਜਿਹੇ ਪਰਿਵਾਰਾਂ ਵਿਚਲੇ ਬੱਚੇ ਜਿਨ੍ਹਾਂ ਵਿੱਚ ਦੰਦਾਂ ਦੇ ਇਲਾਜ ਤੇ ਹੋਣ ਵਾਲੇ ਖਰਚ ਨਾਲ ਪਰਿਵਾਰ ਨੂੰ ਮਾਇਕ ਔਕੜ ਆਵੇ।

### ਆਪਣੇ ਬੱਚਿਆਂ ਮੈਂ ਲਈ ਇਸ ਪ੍ਰੋਗਰਾਮ ਤੋਂ ਕਿਵੇਂ ਮਦਦ ਲਵਾਂ?

ਦੰਦਾਂ ਦੀ ਜਾਂਚ ਐਪੁਆਇੰਟਮੈਂਟ ਰਾਹੀਂ ਯੌਰਕ ਰੀਜਨ ਹੈਲਥ ਸਰਵਿਸਿਜ਼ ਡੈਂਟਲ ਕਲਿਨਿਕਾਂ ਵਿੱਚ, ਜਾਂ ਇਲਾਕੇ ਦੇ ਮੁੱਢਲੇ ਸਕੂਲਾਂ ਵਿੱਚ ਮਿੱਥੀਆਂ ਤਾਰੀਖਾਂ ਤੇ ਗਰੇਡ ਜੇ.ਕੇ., ਐੱਸ.ਕੇ., 2, 4, 6 ਅਤੇ 8 ਲਈ ਹੁੰਦੀ ਹੈ। ਜੇ ਪਤਾ ਲੱਗੇ ਕਿ ਤੁਹਾਡੇ ਬੱਚੇ ਨੂੰ ਦੰਦਾਂ ਦੇ ਜ਼ਰੂਰੀ ਇਲਾਜ ਦੀ ਲੋੜ ਹੈ ਅਤੇ ਮਾਪਦੰਡਾਂ ਮੁਤਾਬਕ ਉਹ ਹੱਕਦਾਰ ਹੈ, ਤੁਹਾਨੂੰ ਇੱਕ (ਨੋਟੀਫਿਕੇਸ਼ਨ) ਫਾਰਮ ਭਰਨਾ ਪਵੇਗਾ। ਇਸ ਨਾਲ (ਤੁਹਾਡੀ ਮਰਜ਼ੀ ਦੇ) ਕਿਸੇ ਡਾਕਟਰ ਲਈ ਇੱਕ ਫਾਰਮ ਤਿਆਰ ਹੋ ਜਾਂਦਾ ਹੈ ਅਤੇ ਉਸ ਨੂੰ ਸੂਚਨਾ ਮਿਲ ਜਾਂਦੀ ਹੈ ਕਿ ਤੁਸੀਂ ਸੀ.ਆਈ.ਐੱਨ.ਓ.ਟੀ. ਪ੍ਰੋਗਰਾਮ ਰਾਹੀਂ ਇਲਾਜ ਕਰਵਾਉਣ ਲੱਗੇ ਹੋ।

### ਕਿਹੜੀਆਂ ਸੇਵਾਵਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ?

- ਜਾਂਚ, ਐਕਸ-ਰੇ, ਖੋੜਾਂ ਭਰਨੀਆਂ, ਅਤੇ ਦੰਦ ਕੱਢਣ ਵਰਗੇ ਬਾਲਕਾਇਦਾ ਇਲਾਜ
- ਸਫ਼ਾਈ, ਫਲੋਰਾਈਡ ਅਤੇ ਸੀਲੈਂਟ ਵਰਗੇ ਬਚਾਅਕਾਰੀ ਇਲਾਜ
- ਜ਼ਿਆਦਾ ਗੁੰਝਲਦਾਰ ਇਲਾਜਾਂ (ਜਿਵੇਂ ਰੂਟ ਕੈਨਾਲ) ਲਈ ਦੰਦਾਂ ਦੇ ਡਾਕਟਰ ਲਈ ਇਲਾਜ ਆਰੰਭ ਕਰਨ ਤੋਂ ਪਹਿਲਾਂ ਸਿਹਤ ਸੇਵਾਵਾਂ ਮਹਿਕਮੇ ਕੋਲੋਂ ਮਨਜ਼ੂਰੀ ਲੈਣੀ ਪਵੇਗੀ।
- (ਗੈਰ-ਜ਼ਰੂਰੀ ਇਲਾਜ, ਜਿਵੇਂ ਸ਼ਿੰਗਾਰਾਤਮਕ ਦੰਦਸਾਜ਼ੀ, ਅਤੇ ਦੰਦ-ਸੁਧਾਈ, ਦਾ ਇਲਾਜ ਨਹੀਂ ਕਰਵਾਇਆ ਜਾ ਸਕਦਾ।)
- ਜਦੋਂ ਦੰਦਾਂ ਦਾ ਕੋਈ ਡਾਕਟਰ ਕਿਸੇ ਮਰੀਜ਼ ਨੂੰ ਸੀ.ਆਈ.ਐੱਨ.ਓ.ਟੀ. ਅਧੀਨ ਮਨਜ਼ੂਰ ਕਰਦਾ ਹੈ, ਉਹ ਡਾਕਟਰ ਮਾਪੇ/ ਸਰਪ੍ਰਸਤ ਤੋਂ ਕਿਸੇ ਵੀ ਅਜਿਹੀ ਸੇਵਾ ਵਾਸਤੇ ਪੈਸੇ ਨਾ ਲੈਣ ਲਈ ਸਹਿਮਤ ਹੁੰਦਾ ਹੈ ਜੋ ਮਨਜ਼ੂਰਸ਼ੁਦਾ ਹੈ। ਜੇ ਕਰ ਮਾਪਾ/ ਸਰਪ੍ਰਸਤ ਕਿਸੇ ਅਜਿਹੇ ਇਲਾਜ ਲਈ ਸਹਿਮਤ ਹੁੰਦਾ ਹੈ ਜੋ ਸੀਨੋਟ ਵੱਲੋਂ ਮਨਜ਼ੂਰਸ਼ੁਦਾ ਨਹੀਂ ਹੈ, ਡਾਕਟਰ ਮਾਪੇ ਤੋਂ ਸਿੱਧਾ ਪੈਸੇ ਵਸੂਲੇਗਾ।

**ਵਧੇਰੇ ਜਾਣਕਾਰੀ ਲਈ, ਜਾਂ ਦੱਸੇ ਕਲੀਨਿਕਾਂ ਵਿੱਚੋਂ ਕਿਸੇ ਇੱਕ ਵਿੱਚ ਐਪੁਆਇੰਟਮੈਂਟ ਬਣਾਉਣ ਲਈ, ਫੋਨ ਕਰੋ:**
1-800-735-6625 ਜਾਂ (905) 895-4512

ਕਲਿਨਿਕਾਂ ਦਾ ਪਤਾ:

ਨਿਊਮਾਰਕੀਟ ਕਲਿਨਿਕ
22 ਪ੍ਰਾਸਪੈਕਟ ਸਟ੍ਰੀਟ
ਨਿਊਮਾਰਕੀਟ, ਓਨਟੇਰੀਓ

ਮਾਰਖ਼ਮ ਕਲਿਨਿਕ
4261 ਹਾਈਵੇਅ # 7 ਈਸਟ
ਮਾਰਖ਼ਮ, ਓਨਟੇਰੀਓ

ਰਿਚਮੰਡ ਹਿੱਲ ਕਲਿਨਿਕ
50 ਹਾਈ ਟੈੱਕ ਰੋਡ, ਦੂਜੀ ਮੰਜ਼ਿਲ
ਰਿਚਮੰਡ ਹਿੱਲ, ਓਨਟੇਰੀਓ

